# A-2051
# PUNJABI COMPULSORY MUDLA GYAN
## SEMESTER -II

**TIME :3 HOURS**

**M:M: 75**
**4321/MH**

ਭਾਗ - ੳ

1. (ੳ) ਤਿੰਨ ਅੱਖਰਾਂ ਨਾਲ ਬਣਨ ਵਾਲੇ ਅਜਿਹੇ ਪੰਜ ਸ਼ਬਦ ਲਿਖੋ ਜਿੰਨਾਂ ਵਿਚ ਸਿਹਾਰੀ (ਿ) ਦੀ ਵਰਤੋਂ ਜ਼ਰੂਰ ਹੋਵੇ।
   (ਅ) ਦੋ ਅੱਖਰਾਂ ਵਾਲੇ ਅਜਿਹੇ ਪੰਜ ਸ਼ਬਦ ਲਿਖੋ ਜਿੰਨਾਂ ਵਿਚ ਕੰਨਾਂ (ਾ) ਲਗਮਾਤਰਾ ਦੀ ਵਰਤੋਂ ਜ਼ਰੂਰ ਕੀਤੀ ਹੋਵੇ।
   (ੲ) ਚਾਰ ਅੱਖਰਾਂ ਵਾਲੇ ਪੰਜ ਸ਼ਬਦ ਲਿਖੋ। 5*3=15
2. (1) ਹੇਠ ਲਿਖੇ ਵਾਕਾਂ ਵਿਚੋਂ ਬਰੈਕਟ ਵਿਚ ਪੁੱਛੇ ਅਨੁਸਾਰ ਉੱਤਰ ਦਿਓ:
   (ੳ) ਜਲੰਧਰ ਕੋਲ ਲਵਲੀ ਯੂਨੀਵਰਸਿਟੀ ਦਾ ਕੈਂਪਸ ਹੈ। (ਨਾਂਵ ਸ਼ਬਦ ਪਛਾਣੋ)
   (ਅ) ਅਸੀਂ ਖੁਸ਼ ਹਾਂ। (ਪੜਨਾਂਵ ਸ਼ਬਦ ਪਛਾਣੋ)
   (ੲ) ਖਿਡਾਰੀ ਫੁੱਟਬਾਲ ਖੇਡ ਰਹੇ ਹਨ। (ਕਿਰਿਆ ਲੱਭੋ)
   (ਸ) ਉਹ ਤੇਜ਼ ਤੇਜ਼ ਤੁਰਦਾ ਹੈ। (ਕਿਰਿਆ ਵਿਸ਼ੇਸ਼ਣ ਦੱਸੋ)
   (ਹ) ਹੁਸ਼ਿਆਰ ਵਿਦਿਆਰਥੀ ਹੀ ਫਸਟ ਆਉਂਦੇ ਹਨ। (ਵਿਸ਼ੇਸ਼ਣ ਪਛਾਣੋ)

   (2) ਹੇਠ ਲਿਖੇ ਸ਼ਬਦਾਂ ਵਿਚੋਂ ਪੰਜ ਸ਼ਬਦਾਂ ਦੇ ਲਿੰਗ ਵਰਤੋਂ:
   ਬੁੱਢਾ, ਤਰਖਾਣ, ਬਾਂਦਰ, ਮੋਰਨੀ, ਗਿੱਦੜ, ਅਧਿਆਪਕ, ਲੜਕਾ, ਕੁੜੀ
   5+5=10

ਭਾਗ - ਅ

3. (ੳ) 'ਬੇ' ਅਗੇਤਰ ਲਗਾ ਕੇ ਕੋਈ ਦੋ ਸ਼ਬਦ ਬਣਾਓ।
   (ਅ) ਅਕਲਹੀਣ, ਗੁਣਵਾਨ, ਨਾਟਕਕਾਰ, ਇਮਾਨਦਾਰ ਸ਼ਬਦਾਂ ਵਿਚੋਂ ਪਿਛੇਤਰ ਵੱਖ ਕਰਕੇ ਲਿਖੋ।
   (ੲ) ਸਾਰੇ ਵਿਦਿਆਰਥੀ ਖਾਣਾ ਖਾ ਚੁਕੇ ਸਨ। (ਨਾਂਵ ਵਾਕੰਸ਼ ਅਲੱਗ ਕਰਕੇ ਲਿਖੋ)
   (ਸ) ਮੁੰਡੇ ਪੜ੍ਹ ਰਹੇ ਸਨ ਤੇ ਕੁੜੀਆਂ ਗੀਤ ਗਾ ਰਹੀਆਂ ਸਨ। (ਉਪਵਾਕ ਅਲੱਗ-ਅਲੱਗ ਕਰਕੇ ਲਿਖੋ)
   (ਹ) ਮਾਤਾ ਜੀ ਚਲਾ ਗਿਆ ਹੈ। (ਵਾਕ ਦੇ ਮੇਲ ਨੂੰ ਠੀਕ ਕਰਕੇ ਲਿਖੋ) 5*2=10
4. ਹੇਠ ਲਿਖੇ ਵਾਕਾਂ ਦੇ ਵਿਸ਼ਰਾਮ ਚਿੰਨ੍ਹ ਲਗਾਓ:
   (ੳ) ਪਿਤਾ ਜੀ ਨੇ ਪੁੱਛਿਆ ਤੁਸੀਂ ਕਿਹੜੇ ਸ਼ਹਿਰ ਰਹਿੰਦੇ ਹੋ
   (ਅ) ਤੁਹਾਡੇ ਸ਼ਹਿਰ ਦੀ ਆਬਾਦੀ ਕਿੰਨ੍ਹੀ ਹੈ
   (ੲ) ਕਾਸ਼ ਉਹ ਸਮਝ ਜਾਂਦਾ
   (ਸ) ਲੂਣ ਮਿਰਚ ਹਲਦੀ ਜੀਰਾ ਅਜਮੈਣ ਅਤੇ ਗਰਮ ਮਸਾਲਾ ਲੈ ਆਓ
   (ਹ) ਸੰਤਾ ਸਿੰਘ ਨੇ ਦੋਵੇਂ ਬਾਂਹੀ ਉੱਚੀ ਚੁੱਕ ਕੇ ਕਿਹਾ ਸੰਭਲ ਜਾਓ ਮੁੰਡਿਓ 5*2=10

ਭਾਗ - ੲ

5. ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ:
   (1) ਚਾਰ ਅੱਖਰਾਂ ਵਾਲੇ ਦੋ ਸ਼ਬਦ ਲਿਖੋ।
   (2) ਕਨੌੜਾ (ੌ) ਲਗਮਾਤਰਾ ਦੀ ਵਰਤੋਂ ਕਰਕੇ ਤਿੰਨ ਅੱਖਰੀ ਦੋ ਸ਼ਬਦ ਲਿਖੋ।
   (3) ਪੈਰੀਂ ਹਾਹਾ (੍ਹ) ਦੀ ਵਰਤੋਂ ਕਰਕੇ ਦੋ ਸ਼ਬਦ ਬਣਾਓ।
   (4) 'ਹਾਨੀ' ਅਤੇ 'ਰਾਣੀ' ਸ਼ਬਦ ਵਰਤ ਕੇ ਵਾਕ ਬਣਾਓ।
   (5) 'ਵਣਜਾਰਾ' ਅਤੇ 'ਭਿਖਾਰੀ' ਸ਼ਬਦਾਂ ਦੇ ਲਿੰਗ ਬਦਲੋ।
   (6) ਕੋਈ ਦੋ ਪੜਨਾਂਵ ਸ਼ਬਦ ਲਿਖੋ।
   (7) ਵਿਦਿਆਰਥੀ ਕਿਤਾਬ ਪੜ੍ਹ ਰਿਹਾ ਹੈ (ਵਾਕ ਵਿਚੋਂ ਕਿਰਿਆ ਪਛਾਣੋ)
   (8) (?) ਇਸ ਵਿਸ਼ਰਾਮ ਚਿੰਨ੍ਹ ਦਾ ਕੀ ਨਾਂ ਹੈ?
   (9) ਡੰਡੀ (।) ਦੀ ਵਰਤੋਂ ਵਾਕ ਵਿਚ ਕਿੱਥੇ ਹੁੰਦੀ ਹੈ।
   (10) ਮੂਲ ਸ਼ਬਦ ਦੇ ਅੱਗੇ ਜੁੜਕੇ ਨਵਾਂ ਸ਼ਬਦ ਬਣਾਉਣ ਵਾਲੇ ਹਿੱਸੇ ਨੂੰ ਕੀ ਕਿਹਾ ਜਾਂਦਾ ਹੈ।

(11) 'ਕਾਰੀ' ਅਤੇ 'ਲੂ' ਪਿਛੇਤਰ ਬਲਾ ਕੇ ਦੋ ਸ਼ਬਦ ਬਣਾਓ।

(12) ਖਿਡਾਰੀ ਤੇਜ਼ ਦੌੜਦਾ ਹੈ (ਵਾਕ ਵਿਚੋਂ ਕਿਰਿਆ ਵਿਸ਼ੇਸ਼ਣ ਪਛਾਣੋ)

(13) ਦਵਾਤ, ਕਿਤਾਬ, ਸਿਪਾਹੀ, ਕੁੜੀ ਸ਼ਬਦਾਂ ਦਾ ਵਚਨ ਬਦਲੋ।

(14) ਪੁੱਠੇ ਕਾਮਿਆਂ ਦੀ ਵਰਤੋਂ ਕਰਕੇ ਇੱਕ ਵਾਕ ਬਣਾਓ।

(15) (?), (!), (" "), (।) ਇਨ੍ਹਾਂ ਵਿਸ਼ਰਾਮ ਚਿੰਨ੍ਹਾਂ ਦੇ ਨਾਂ ਲਿਖੋ। 15*2=30

4321/MH

DO NOT WRITE ON THIS SIDE